JETIR.ORG ISSN: 2349-5162 | ESTD Year : 2014 | Monthly Issue
JOURNAL OF EMERGING TECHNOLOGIES AND INNOVATIVE RESEARCH (JETIR)
An International Scholarly Open Access, Peer-reviewed, Refereed Journal

# ਭਾਰਤੀ ਸਮਾਜ ਵਿੱਚ ਜਾਤੀ ਵਿਵਸਥਾ ਪੈਦਾ ਹੋਣ ਦੇ ਕਾਰਨ

ਪ੍ਰੋ. ਸ਼ਿਲਪਾ
ਅਸਿਸਟੈਂਟ ਪ੍ਰੋਫੈਸਰ (ਅੰਗਰੇਜ਼ੀ )
ਯੂਨੀਵਰਸਿਟੀ ਕਾਲਜ, ਬਹਾਦਰਪੁਰ (ਮਾਨਸਾ)

ਭਾਰਤੀ ਸਮਾਜ ਵਿਚਲੀ ਜਾਤੀ ਆਧਾਰਿਤ ਵਿਵਸਥਾ ਇੱਕ ਗੁੰਝਲਦਾਰ ਅਤੇ ਸਥਾਈ ਸੰਸਥਾ ਹੈ।ਭਾਰਤੀ ਸਮਾਜ ਵਿੱਚ ਕਾਰਜਸ਼ੀਲ ਜਾਤੀ ਆਧਾਰਿਤ ਵਿਵਸਥਾ ਭਾਰਤੀ ਸਮਾਜ ਦੀ ਅਜਿਹੀ ਵਿਸ਼ੇਸ਼ਤਾ ਹੈ,ਜੋ ਇਸ ਨੂੰ ਸੰਸਾਰ ਦੇ ਦੂਜੇ ਦੇਸ਼ਾਂ ਦੇ ਸਮਾਜ ਨਾਲੋਂ ਵੱਖਰਾ ਅਤੇ ਗੁੰਝਲਦਾਰ ਬਣਾਉਂਦੀ ਹੈ।ਵੱਖ-ਵੱਖ ਵਿਦਵਾਨਾਂ ਨੇ ਭਾਰਤੀ ਸਮਾਜ ਵਿਚਲੀ ਜਾਤੀ ਆਧਾਰਿਤ ਵਿਵਸਥਾ ਬਾਰੇ ਵੱਖ- ਵੱਖ ਵਿਚਾਰ ਪੇਸ਼ ਕੀਤੇ ਹਨ। ਕੇਤਕਰ ਅਨੁਸਾਰ : ਜਾਤ ਇੱਕ ਅਜਿਹਾ ਸਮਾਜਿਕ ਸਮੂਹ ਹੈ ਜਿਸ ਦੇ ਦੋ ਮੁੱਖ ਲੱਛਣ ਹਨ।
(1) ਇਸ ਦੀ ਮੈਂਬਰਸ਼ਿਪ ਉਨ੍ਹਾਂ ਵਿਅਕਤੀਆਂ ਤਕ ਹੀ ਸੀਮਤ ਹੁੰਦੀ ਹੈ,ਜੋ ਉਸ ਜਾਤ ਵਿੱਚ ਜਨਮ
ਲੈਂਦੇ ਹਨ ਅਤੇ ਇਸ ਤਰ੍ਹਾਂ ਜਨਮ ਲੈਣ ਵਾਲੇ ਸਾਰੇ ਵਿਅਕਤੀ ਉਸ ਜਾਤ ਵਿਚ ਸ਼ਾਮਿਲ ਹੁੰਦੇ ਹਨ। (2) ਜ਼ਾਤ ਦੇ ਮੈਂਬਰ,ਇੱਕ ਕਠੋਰ ਸਮਾਜਿਕ ਨਿਯਮ ਦੁਆਰਾ,ਸਮੂਹ ਤੋਂ ਬਾਹਰ ਵਿਆਹ ਕਰਨ ਤੋਂ ਰੋਕ
ਦਿੱਤੇ ਜਾਂਦੇ ਹਨ।"[1]

ਇਉਂ ਭਾਰਤੀ ਸਮਾਜਿਕ ਵਿਵਸਥਾ ਅਨੁਸਾਰ ਜਾਤ ਧਰਮ ਆਧਾਰਿਤ ਨਾ ਹੋ ਕੇ ਜਨਮ ਆਧਾਰਿਤ ਹੈ।ਭਾਰਤੀ ਸਮਾਜਿਕ ਵਿਵਸਥਾ ਵਿੱਚ ਮਨੁੱਖ ਦੇ ਜਨਮ ਦੇ ਨਾਲ ਹੀ ਉਸ ਦੀ ਜਾਤ ਨਿਸਚਿਤ ਕਰ ਦਿੱਤੀ ਜਾਂਦੀ ਹੈ।ਬਾਕੀ ਸਾਰੀ ਉਮਰ ਉਹ ਉਸੇ ਜਾਤ ਵਿਚ ਹੀ ਜਿਉਂਦਾ ਹੈ।ਡਾ. ਬੀ.ਆਰ. ਅੰਬੇਦਕਰ ਅਨੁਸਾਰ : ਹਿੰਦੂ ਸਮਾਜ ਇਕ ਬਹੁ-ਮੰਜ਼ਿਲੀ ਇਮਾਰਤ ਦੀ ਤਰ੍ਹਾਂ ਹੈ ਜਿਸ ਵਿੱਚ ਹਰ ਜਾਤੀ ਇਸ ਮੀਨਾਰ ਦੀ ਇੱਕ ਮੰਜ਼ਿਲ ਹੈ।ਧਿਆਨ ਦੇਣ ਦੀ ਗੱਲ ਇਹ ਹੈ ਕਿ ਇਸ ਮੀਨਾਰ ਤੋਂ ਬਾਹਰ ਨਿਕਲਣ ਲਈ ਪੌੜੀਆਂ ਨਹੀਂ ਹਨ।ਇਕ ਮੰਜ਼ਿਲ ਤੋਂ ਦੂਸਰੀ ਮੰਜ਼ਿਲ ਵਿਚ ਆਉਣ ਜਾਣ ਲਈ ਕੋਈ ਰਸਤਾ ਨਹੀਂ ਹੈ।ਜੋ ਜਿਸ ਮੰਜ਼ਿਲ ਵਿਚ ਜਨਮ ਲੈਂਦਾ ਹੈ,ਉਸ ਮੰਜ਼ਿਲ ਵਿੱਚ ਹੀ ਮਰਦਾ ਹੈ।"[2]

ਇਸ ਪ੍ਰਕਾਰ ਭਾਰਤੀ ਸਮਾਜਿਕ ਵਿਵਸਥਾ ਵਿਚ ਕਾਰਜਸ਼ੀਲ ਜਾਤੀ ਆਧਾਰਿਤ ਵਿਵਸਥਾ ਅਨੁਸਾਰ ਮਨੁੱਖ ਜਿਸ ਜਾਤੀ ਵਿੱਚ ਜਨਮ ਲੈਂਦਾ ਹੈ। ਉਸ ਹੀ ਜਾਤ ਵਿੱਚ ਉਸ ਦੀ ਮੌਤ ਹੁੰਦੀ ਹੈ।ਮਨੁੱਖ ਆਪਣੇ ਚੰਗੇ ਕੰਮਾਂ ਨਾਲ ਵੀ ਆਪਣੀ ਜਾਤ ਨਹੀਂ ਬਦਲ ਸਕਦਾ ਹੈ।ਕਿਉਂ ਕੀ ਜਾਤੀ ਆਧਾਰਿਤ ਵਿਵਸਥਾ ਕੰਮ ਆਧਾਰਿਤ ਨਾ ਹੋ ਕੇ ਜਨਮ ਆਧਾਰਿਤ ਹੈ।

ਭਾਰਤੀ ਸਮਾਜ ਵਿੱਚ ਕਾਰਜਸ਼ੀਲ ਜਾਤੀ ਆਧਾਰਿਤ ਵਿਵਸਥਾ ਦੇ ਆਰੰਭ ਬਾਰੇ ਵਿਦਵਾਨਾਂ ਵਿੱਚ ਇੱਕ ਰਾਇ ਨਹੀਂ ਹੈ।ਭਾਰਤੀ ਅਤੇ ਪੱਛਮੀ ਵਿਦਵਾਨਾਂ ਨੇ ਜਾਤੀ ਆਧਾਰਿਤ ਵਿਵਸਥਾ ਦੇ ਆਰੰਭ ਬਾਰੇ ਆਪਣੇ-ਆਪਣੇ ਵਿਚਾਰ ਦਿੱਤੇ ਹਨ।ਭਾਰਤੀ ਸਮਾਜ ਵਿੱਚ ਜਾਤ ਦੇ ਆਰੰਭ ਬਾਰੇ ਨਿਮਨ ਲਿਖਤ ਕਾਰਨ ਮਹੱਤਵਪੂਰਨ ਮੰਨੇ ਗਏ ਹਨ :

1. 'ਪੁਰਸ਼ ਸੂਕਤ' ਸਲੋਕ ਅਨੁਸਾਰ ਕਰਮ ਆਧਾਰਿਤ ਵੰਡ ਤੋਂ ਜਾਤ ਪਾਤ ਦੀ ਸ਼ੁਰੂਆਤ ।
2. 'ਨਸਲਾਂ' ਦੇ ਆਧਾਰ 'ਤੇ ਬ੍ਰਹਿਮਣਾ ਨੇ ਉਚ- ਨੀਚ ਪੈਦਾ ਕੀਤੀ।
3.ਧਾਰਮਿਕ ਕਰਮ ਕਾਂਡਾਂ ਤੋਂ ਜਾਤ-ਪਾਤ ਦੀ ਸ਼ੁਰੂਆਤ ।

4. ਵਿਕਾਸਵਾਦੀ ਸਿਧਾਂਤ ਅਨੁਸਾਰ ਜਾਤ -ਪਾਤ ਦੀ ਸ਼ੁਰੂਆਤ ।

5. ਬ੍ਰਹਮਣ ਵਰਗ ਤੇ ਨਿੱਜੀ ਹਿੱਤ ਲਈ ਚਲਾਕੀ ਕਾਰਨ ਜਾਤ -ਪਾਤ ਦੀ ਸ਼ੁਰੂਆਤ ।

ਭਾਰਤੀ ਸਮਾਜ ਵਿਚ ਜਾਤ-ਪ੍ਰਣਾਲੀ ਦੇ ਆਰੰਭ ਅਤੇ ਵਿਕਾਸ ਬਾਰੇ ਸਭ ਤੋਂ ਮਹੱਤਵਪੂਰਨ ਤੇ ਪਹਿਲਾ ਕਾਰਨ ਰਿਗਵੇਦ ਵਿਚਲੇ 'ਪੁਰਸ਼ ਸੂਕਤ' ਸਲੋਕ ਨੂੰ ਮੰਨਿਆ ਜਾਂਦਾ ਹੈ।'ਪੁਰਸ਼ ਸੂਕਤ' ਅਨੁਸਾਰ ਭਾਰਤੀ ਸਮਾਜ ਚਾਰ ਵਰਣਾਂ ਬ੍ਰਾਹਮਣ, ਕਸ਼ਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡਿਆ ਹੋਇਆ ਹੈ।'ਪੁਰਸ਼ ਸੂਕਤ' ਅਨੁਸਾਰ ਚਾਰ ਵਰਣਾਂ 'ਬ੍ਰਹਮਾ' ਦੇ ਵੱਖ-ਵੱਖ ਅੰਗਾਂ ਤੋਂ ਪੈਦਾ ਹੋਏ ਹਨ ਅਤੇ ਰਿਗਵੇਦ ਵਿਚਲੀ 'ਪੁਰਸ਼ ਸੂਕਤ' ਦੀ ਵਿਆਖਿਆ ਬਾਅਦ ਵਿੱਚ ਮਨੂ ਨੇ ਆਪਣੇ ਸਿਮਿਤੀ ਗ੍ਰੰਥ ਵਿਚ ਕੀਤੀ ਅਤੇ ਮਨੂ ਨੇ ਇਕ 'ਪੰਚਮ' ਵਰਣ ਵੀ ਮੰਨਿਆ ਹੈ।'ਮਨੂ ਸਿਮਿਤੀ'ਵਿਚ ਵਰ੍ਹਨ ਦਾ ਆਧਾਰ ਜਨਮ ਨੂੰ ਬਣਾ ਕੇ ਚਾਰ ਵਰਣਾਂ ਦੇ ਕੰਮ ਨਿਸ਼ਚਿਤ ਕਰ ਦਿੱਤੇ ਗਏ ਸਨ :

ਉਸ ਸ਼ਕਤੀਮਾਨ ਬ੍ਰਹਮਾ ਨੇ ਸਾਰੇ ਸੰਸਾਰ ਦੀ ਰੱਖਿਆ ਲਈ ਮੁੱਖ,ਬਾਹਾਂ,ਜੰਘਾਂ ਤੇ ਚਰਨਾਂ ਤੋਂ ਉਤਪਨ ਬ੍ਰਹਮਣ ਕਸ਼ੱਤਰੀ, ਵੈਸ਼ ਅਤੇ ਸ਼ੂਦਰ ਦੇ ਵੱਖੋ-ਵੱਖ ਕਰਮ ਬਣਾਏ।ਪੜ੍ਹਨਾ,ਪੜ੍ਹਾਉਣਾ, ਯੱਗ ਕਰਨਾ, ਯੱਗ ਕਰਵਾਉਣਾ, ਦਾਨ ਦੇਣਾ ਅਤੇ ਦਾਨ ਲੈਣਾ, ਇਹ ਬ੍ਰਾਹਮਣ ਦੇ ਕਰਮ ਕਹੇ ਗਏ ਹਨ।ਪਰਜਾ (ਲੋਕਾਂ) ਦੀ ਰੱਖਿਆ ਕਰਨਾ, ਦਾਨ ਕਰਨਾ, ਯੋਗ ਕਰਨਾ, ਪੜ੍ਹਨਾ ਤੇ ਸੰਸਾਰਕ ਵਿਸ਼ਿਆਂ ਵਿਚ ਨਾ ਫਸਣਾ' ਸੰਖੇਪ ਵਿਚ ਕਸ਼ੱਤਰੀ ਤੇ ਕਰਮ ਨਿਸ਼ਚਿਤ ਕੀਤੇ।ਪਸ਼ੂਆਂ ਦੀ ਦੇਖ-ਭਾਲ,ਦਾਨ ਦੇਣਾ,ਯੋਗ ਕਰਨਾ, ਪੜ੍ਹਨਾ, ਵਪਾਰ ਕਰਨਾ, ਵਿਆਜ ਦੇਣਾ ਤੇ ਖੇਤੀ ਕਰਨਾ ਵੈਸ਼ ਦਾ ਕਰਮ ਦੱਸਿਆ ਗਿਆ ਹੈ।ਬ੍ਰਹਮਾ ਨੇ ਸ਼ੂਦਰਾਂ ਲਈ ਬਿਨਾਂ ਕਿਸੇ ਨਿੰਦਾ ਚੁਗਲੀ ਦੇ ਤਿੰਨਾਂ ਵਰਣਾਂ ਦੇ ਲੋਕਾਂ ਦੀ ਸੇਵਾ ਕਰਨਾ, ਇਹ ਕਰਮ ਨਿਸ਼ਚਿਤ ਕੀਤਾ ਹੈ।"[3]

ਮਨੂ ਨੇ ਇਕ 'ਪੰਚਮ' ਵਰਨ ਵੀ ਬਣਾਇਆ, ਜਿਨ੍ਹਾਂ ਨੂੰ ਸਾਰੇ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਗਿਆ। ਇਨ੍ਹਾਂ ਦੇ ਘਰ ਵੀ ਪਿੰਡ ਤੋਂ ਬਾਹਰ ਰੱਖੇ ਗਏ।'ਮਨੂ ਸਿਮ੍ਰਿਤੀ ਗ੍ਰੰਥ' ਵਿੱਚ ਕੀਤੀ ਇਸ ਵਿਆਖਿਆ ਕਾਰਨ ਵਰਣ-ਵਿਵਸਥਾ ਵਿੱਚ ਊਚ-ਨੀਚ ਪੈਦਾ ਹੋ ਗਈ। ਬ੍ਰਹਿਮਣਾ ਨੇ ਸਮਾਜਿਕ ਅਤੇ ਧਾਰਮਿਕ ਕਰਮ ਕਾਂਡਾਂ ਦਾ ਸਹਾਰਾ ਲੈ ਕੇ ਆਪਣੇ ਆਪ ਨੂੰ ਸਭ ਤੋਂ ਉੱਚਾ ਸਥਾਪਿਤ ਕਰ ਲਿਆ।ਇਸ ਤੋਂ ਹੀ ਭਾਰਤੀ ਸਮਾਜ ਵਿਚ ਜਾਤ-ਪਾਤ ਦਾ ਆਰੰਭ ਮੰਨਿਆ ਜਾਂਦਾ ਹੈ। ਬ੍ਰਾਹਮਣ ਵਰਗ ਨੇ ਬੜੀ ਚਲਾਕੀ ਨਾਲ ਆਰੀਆ ਲੋਕਾਂ ਨੂੰ ਉਪਰਲੇ ਤਿੰਨ ਵਰਣਾਂ ਵਿੱਚ ਸ਼ਾਮਿਲ ਕਰ ਲਿਆ,ਜਦੋਂ ਕਿ ਇੱਥੋਂ ਦੇ ਮੂਲ ਵਾਸੀਆਂ ਨੂੰ ਸ਼ੂਦਰ ਅਤੇ ਪੰਚਮ ਵਰਣ ਵਿੱਚ ਧੱਕ ਦਿੱਤਾ ਗਿਆ।

ਭਾਰਤੀ ਸਮਾਜ ਵਿੱਚ ਜਾਤ-ਪਾਤ ਦੇ ਆਰੰਭ ਲਈ ਦੂਜਾ ਕਾਰਨ ਨਸਲੀ ਤੱਤਾਂ ਨੂੰ ਮੰਨਿਆ ਜਾਂਦਾ ਹੈ। ਆਰੀਆ, ਜੋ ਬਾਹਰੋਂ ਆਈ ਹੋਈ ਨਸਲ ਸੀ, ਨੇ ਇੱਥੋਂ ਦੇ ਮੂਲ ਵਾਸੀਆਂ ਭਾਵ ਦ੍ਰਾਵਿੜਾਂ ਨਾਲ ਸੰਘਰਸ਼ ਕੀਤਾ ਅਤੇ ਦ੍ਰਾਵਿੜਾਂ ਨੂੰ ਆਪਣਾ ਗੁਲਾਮ ਬਣਾ ਲਿਆ ਜੋ ਬਾਅਦ ਵਿੱਚ ਵੱਖ-ਵੱਖ ਦਲਿਤ ਜਾਤੀਆਂ ਦਾ ਰੂਪ ਧਾਰ ਗਏ। ਗੁਰੀਏ ਅਨੁਸਾਰ :

ਇੰਡੋ- ਆਰੀਅਨ ਨਸਲਾਂ ਨੇ ਜਿੱਤ ਪ੍ਰਾਪਤ ਕਰਨ ਪਿੱਛੋਂ ਆਪਣੇ ਆਪ ਨੂੰ ਭਾਰਤ ਦੇ ਮੂਲ ਨਿਵਾਸੀਆਂ ਤੋਂ ਉੱਚਾ ਦਰਜਾ ਦੇ ਦਿੱਤਾ।ਉਨ੍ਹਾਂ ਨੇ ਆਪਣੇ ਆਪ ਨੂੰ ਉਪਰਲੇ ਤਿੰਨ ਵਰਣਾਂ ਵਿੱਚ ਰੱਖਿਆ ਅਤੇ ਇੱਥੋਂ ਦੇ ਵਾਸੀਆਂ ਨੂੰ ਦਾਸ ਜਾਂ ਸ਼ੂਦਰ ਆਖਣਾ ਸ਼ੁਰੂ ਕਰ ਦਿੱਤਾ। ਆਰੀਆ ਲੋਕਾਂ ਨੇ ਆਪਣੇ ਸੰਸਕ੍ਰਿਤਿਕ ਅਤੇ ਨਸਲੀ ਸ਼ੁੱਧਤਾ ਕਾਇਮ ਰੱਖਣ ਲਈ ਮੂਲ ਨਿਵਾਸੀਆਂ ਤੋਂ ਵੱਖਰੇ ਰਹਿਣ ਦੀ ਨੀਤੀ ਅਪਣਾਈ। ਜਿਉਂ ਜਿਉਂ ਸਮਾਂ ਲੰਘਦਾ ਗਿਆ ਤਿਉਂ ਤਿਉਂ ਸਮਾਜ ਉੱਚੇ ਅਤੇ ਨੀਵੇਂ ਦਰਜੇ ਵਾਲੇ ਸਮੂਹਾਂ ਵਿੱਚ ਵੰਡਿਆ ਜਾਣ ਲੱਗ ਪਿਆ।"[4]ਇਉਂ ਇਨ੍ਹਾਂ ਦੋ ਵੱਖਰੀਆਂ ਨਸਲਾਂ ਵਿਚਲਾ ਸੰਘਰਸ਼ ਵੀ ਜਾਤ- ਪਾਤ ਦੀ ਸ਼ੁਰੂਆਤ ਦਾ ਕਾਰਨ ਮੰਨਿਆ ਜਾਂਦਾ ਹੈ।

ਤੀਜਾ ਮਹੱਤਵਪੂਰਨ ਕਾਰਨ ਧਾਰਮਿਕ ਕਰਮ- ਕਾਂਡ ਨਾਲ ਸਬੰਧਿਤ ਹੈ। "ਪੁਰਾਤਨ ਭਾਰਤੀ ਸਮਾਜ ਵਿਚ ਧਰਮ ਦੀ ਬਹੁਤ ਮਹੱਤਵਪੂਰਨ ਭੂਮਿਕਾ ਸੀ ਅਤੇ ਕਈ ਪ੍ਰਕਾਰ ਦੇ ਧਾਰਮਿਕ ਕਾਰਜਾਂ ਨਾਲ ਸਬੰਧਿਤ ਵਿਅਕਤੀ ਵੱਖੋ-ਵੱਖ ਸਮੂਹਾਂ ਵਿੱਚ ਸਗਠਿਤ ਹੋ ਗਏ ਤੇ ਉਨ੍ਹਾਂ ਨੇ ਭਿੰਨ- ਭਿੰਨ ਜਾਤਾਂ ਦਾ ਰੂਪ ਧਾਰਨ ਕਰ ਲਿਆ। ਧਰਮ ਕਾਰਨ ਹੀ ਭੋਜਨ ਸੰਬੰਧੀ ਪ੍ਰਤੀਬੰਧ ਪੈਦਾ ਹੋਏ ਅਤੇ ਲੋਕਾਂ ਨੂੰ ਜਾਤਾਂ ਅਤੇ ਉਪ ਜਾਤਾਂ ਵਿੱਚ ਵੰਡਣ ਲਈ ਜ਼ਿੰਮੇਵਾਰ ਬਣੇ।"[5]ਭਾਰਤੀ ਸਮਾਜ ਵਿਚ ਜਾਤ- ਪਾਤ ਦੇ ਆਰੰਭ ਕਰਨ ਅਤੇ ਇਸ ਨੂੰ ਸਥਾਈ ਬਣਾਉਣ ਲਈ ਇਹ ਧਾਰਮਿਕ ਕਰਮ-ਕਾਂਡ ਵੀ ਮਹੱਤਵਪੂਰਨ ਰੋਲ ਅਦਾ ਕਰਦੇ ਹਨ।

ਭਾਰਤੀ ਸਮਾਜ ਵਿਚ ਜਾਤ-ਪਾਤ ਦੇ ਆਰੰਭ ਹਿੱਤ ਚੌਥਾ ਕਾਰਨ ਵਿਕਾਸਵਾਦੀ ਸਿਧਾਂਤ ਨੂੰ ਮੰਨਿਆ ਜਾਂਦਾ ਹੈ।ਸਮਾਜ ਵਿਗਿਆਨੀਆਂ ਅਨੁਸਾਰ ਭਾਰਤੀ ਸਮਾਜ ਵਿੱਚ ਜਾਤ ਦਾ ਆਰੰਭ ਵਰਣ ਵੰਡ, ਧਾਰਮਿਕ ਕਰਮ ਕਾਂਡ ਜਾਂ ਨਸਲੀ ਵਿਤਕਰੇ ਕਾਰਨ ਨਹੀਂ ਹੋਇਆ ਹੈ,ਬਲਕਿ ਜਾਤੀ ਆਧਾਰਿਤ ਵਿਵਸਥਾ ਦੇ ਆਰੰਭ ਦਾ ਕਾਰਨ ਆਰਥਿਕਤਾ ਹੈ। ਸਮਾਜ ਵਿਗਿਆਨੀਆਂ ਅਨੁਸਾਰ ਸਮਾਜ ਵਿੱਚ ਆਰਥਿਕ ਆਧਾਰਾਂ ਉੱਪਰ ਆਧਾਰਿਤ ਕਈ ਵਰਗ ਹੋਂਦ ਵਿੱਚ ਆਏ। ਇਨ੍ਹਾਂ ਆਰਥਿਕ ਵਰਗਾਂ ਨੇ ਆਪਣੇ ਆਰਥਿਕ ਫ਼ਾਇਦੇ ਲਈਆਰਥਿਕ ਸੰਘਾਂ ਦੀ ਸਥਾਪਨਾ ਕੀਤੀ, ਜੋ ਅੱਗੇ ਜਾ ਕੇ ਜਾਤ ਪਾਤ ਦਾ ਕਾਰਨ ਬਣੇ। ਇਹ ਸੰਘ ਆਪਣੇ ਆਰਥਿਕ ਫ਼ਾਇਦੇ ਅਤੇ ਆਪਣੇ ਆਰਥਿਕ ਭੇਦਾਂ ਨੂੰ ਗੁਪਤ ਰੱਖਣ ਲਈ 'ਸੁਜਾਤੀ ਵਿਆਹ' ਕਰਵਾਉਣ ਲੱਗੇ,ਜੋ ਜਾਤ-ਪਾਤ ਦੇ ਆਰੰਭ ਦਾ ਆਧਾਰ ਬਣਿਆ। ਡਾ. ਬੀ. ਆਰ. ਅੰਬੇਦਕਰ ਨੇ ਵੀ 'ਸੁਜਾਤੀ ਵਿਆਹ' ਨੂੰ ਜਾਤ-ਪਾਤ ਦੇ ਆਰੰਭ ਦਾ ਕਾਰਨ ਮੰਨਿਆ ਹੈ। ਡਾ. ਅੰਬੇਦਕਰ ਅਨੁਸਾਰ,"ਮੈਂ ਸੁਜਾਤੀ ਵਿਆਹ ਨੂੰ ਹੀ ਜਾਤ ਦਾ ਇੱਕੋ ਇੱਕ ਲੱਛਣ ਮੰਨਦਾ ਹਾਂ ਅਤੇ ਜਦੋਂ ਮੈਂ ਜਾਤ ਦੇ ਆਰੰਭ ਦੀ ਗੱਲ ਕਰਦਾ ਹਾਂ ਤਾਂ ਇਸ ਦਾ ਮਤਲਬ ਸੁਜਾਤੀ ਵਿਆਹ ਪ੍ਰਬੰਧ ਦੇ ਆਰੰਭ ਤੋਂ ਹੈ।"[6]ਭਾਰਤੀ ਸਮਾਜ ਵਿਚ ਆਪਣੀ ਜਾਤੀ ਵਿੱਚ ਵਿਆਹ ਕਰਨ ਦਾ ਕਾਨੂੰਨ ਕਠੋਰਤਾ ਨਾਲ ਨਿਭਾਇਆ ਜਾਂਦਾ ਹੈ।ਇਸੇ ਕਾਰਨ ਸਮਾਜ ਵਿਗਿਆਨੀ ਕਹਿੰਦੇ ਹਨ ਕਿ "ਜਾਤੀ ਅੰਦਰ ਵਿਆਹ ਕਰਨ ਦੀ ਪ੍ਰਥਾ ਜਾਤ ਪ੍ਰਣਾਲੀ ਦੀ ਜਿੰਦ ਜਾਨ ਹੈ।"[7]

ਇਉਂ ਭਾਰਤੀ ਸਮਾਜ ਵਿਚਲੇ ਜਾਤੀ ਆਧਾਰਿਤ ਵਿਵਸਥਾ ਲਈ 'ਸੁਜਾਤੀ ਵਿਆਹ' ਪ੍ਰਣਾਲੀ ਵੀ ਇੱਕ ਮਹੱਤਵਪੂਰਨ ਕਾਰਨ ਹੈ।ਜਾਤੀ ਆਧਾਰਿਤ ਵਿਵਸਥਾ ਦੇ ਆਰੰਭ ਦਾ ਪੰਜਵਾਂ ਕਾਰਨ ਬ੍ਰਹਿਮਣਾਂ ਦੇ ਨਿੱਜੀ ਹਿੱਤਾਂ ਨੂੰ ਮੰਨਿਆ ਜਾਂਦਾ ਹੈ। ਸਮਾਜ ਵਿਗਿਆਨੀਆਂ ਅਨੁਸਾਰ ਬ੍ਰਾਹਮਣਾਂ ਨੇ ਭਾਰਤੀ ਸਮਾਜ ਨੂੰ ਪੰਜ ਵਰਣਾਂ ਵਿੱਚ ਵੰਡ ਦਿੱਤਾ ਅਤੇ ਬ੍ਰਹਮਣਾ ਨੇ ਚਲਾਕੀ ਨਾਲ ਆਰੀਆ ਲੋਕਾਂ ਨੂੰ ਤਿੰਨ ਉੱਚ ਵਰਣਾਂ ਵਿੱਚ ਰੱਖਿਆ ਅਤੇ ਦ੍ਰਾਵਿੜਾਂ ਨੂੰ ਸ਼ੂਦਰ ਅਤੇ ਪੰਚਮ ਵਰਣ ਵਿੱਚ ਸ਼ਾਮਿਲ ਕਰ ਦਿੱਤਾ,ਜੋ ਬਾਅਦ ਵਿਚ ਦਲਿਤ ਜਾਤੀਆਂ ਦੇ ਨਾਂ ਨਾਲ ਜਾਣੇ ਜਾਣ ਲੱਗੇ। ਆਧੁਨਿਕ ਸਮੇਂ ਵਿੱਚ ਇਨ੍ਹਾਂ ਸ਼ੂਦਰ ਅਤੇ ਪੰਚਮ ਵਰਣ ਦੇ ਲੋਕਾਂ ਨੂੰ ਹੀ 'ਦਲਿਤ' ਕਿਹਾ ਜਾਂਦਾ ਹੈ।

ਉਪਰੋਕਤ ਪਰਿਪੇਖ ਦੀ ਉਸਾਰੀ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਭਾਰਤੀ ਸਮਾਜ ਵਿਚਲੀ ਜਾਤ-ਪਾਤ ਦੇ ਆਰੰਭ ਲਈ ਕੋਈ ਇੱਕ ਤੱਤ ਜ਼ਿੰਮੇਵਾਰ ਨਹੀਂ ਹੈ।ਜਾਤੀ ਆਧਾਰਿਤ ਵਿਵਸਥਾ ਲਈ ਸਾਰੇ ਤੱਤਾਂ ਨੇ ਥੋੜ੍ਹਾ-ਬਹੁਤ ਹਿੱਸਾ ਪਾਇਆ ਹੈ।ਉਪਰ ਦਿੱਤੇ ਸਾਰੇ ਤੱਤ ਘੱਟ ਜਾਂ ਵੱਧ ਰੂਪ ਵਿੱਚ ਜਾਤੀ ਆਧਾਰਿਤ ਵਿਵਸਥਾ ਦੇ ਆਰੰਭ ਅਤੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਂਦੇ ਹਨ।

## ਟਿੱਪਣੀਆਂ ਅਤੇ ਹਵਾਲੇ


01. S.V.Ketkar, History of Caste in India, Low Price Publications,Delhi,1998, p.15

02. ਰਮਣਿਕਾ ਗੁਪਤਾ (ਸੰਪਾ.),ਦਲਿਤ ਚੇਤਨਾ ਸੋਚ, ਨਵਲੇਖ ਪ੍ਰਕਾਸ਼ਨ, ਦਿੱਲੀ,1998, ਪੰਨਾ 104

03. ਮੋਹਨ ਲਾਲ ਸ਼ਰਮਾ (ਅਨੁ.), ਮਨੂ ਸਮਰਿਤੀ, ਭਾਸ਼ਾ ਵਿਭਾਗ, ਪੰਜਾਬ'1989, ਪੰਨੇ 7-8

04. ਜੀ. ਐੱਸ. ਭਟਨਾਗਰ ਤੇ ਬਲਦੇਵ ਸਿੰਘ ਰਹਿਲ, ਭਾਰਤੀ ਸਮਾਜ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997,ਪੰਨਾ 95

05. ਅਮਨਦੀਪ ਹੀਰਾ, ਪੰਜਾਬੀ ਨਾਵਲ ਰਚਨਾ : ਦਲਿਤ ਪਰਿਪੇਖ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004, ਪੰਨਾ 11

06. Vasant Moon (Ed), Dr. Baba Sahib Ambedkar Writing and Speeches, Vol. I, p.14, ਹਵਾਲਾ: ਅਮਨਦੀਪ ਹੀਰਾ, ਪੰਜਾਬੀ ਨਾਵਲ ਰਚਨਾ: ਦਲਿਤ ਪਰਿਪੇਖ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,2004, ਪੰਨਾ 12

07.ਜੀ. ਐੱਸ. ਗੁਰੀਏ, ਭਾਰਤ ਵਿਚ ਜਾਤੀ ਤੇ ਨਸਲ (ਅਨੁ. ਐੱਸ. ਐੱਸ. ਸੋਢੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977, ਪੰਨੇ 16-17